ਸ੍ਰੀ ਅਕਾਲ ਜੀ ਸਹਾਇ॥

# ਅਖੰਡ ਕੀਰਤਨੀ ਜੱਥਾ

# AKHAND KIRTANI JATHA

H.Q.: 37, Brahm Buta Market, Opp Sita Niwas, Sri Amritsar

Ref. No AKJ/216/ASR
Dated 21/10/08

Correspondence Address
195, Ajit Nagar, Amritsar
Ph: 2580825

ਪ੍ਰਕਾਸ਼ਨ ਹਿੱਤ

## ਪ੍ਰੈਸ ਨੋਟ

### ਦਸ਼ਮ ਪਾਤਸ਼ਾਹ ਦੀਆਂ ਪਾਵਨ ਬਾਣੀਆਂ ਦੇ ਸਤਿਕਾਰ ਲਈ ਅਖੰਡ ਕੀਰਤਨੀ ਜਥਾ ਵਚਨ ਬੱਦ

ਅੰਮ੍ਰਿਤਸਰ ੧੯ ਅਕਤੂਬਰ () ਮਨੁੱਖਤਾ ਦੇ ਸੱਚੇ ਰਹਿਬਰ ਨਿਰੰਕਾਰ ਸਰੂਪ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ੩੦੦ ਸਾਲਾ ਗੱਦੀ ਨਸ਼ੀਨੀ ਪੁਰਬ ਸਮੁੱਚਾ ਸਿੱਖ ਜਗਤ ਪੂਰੇ ਖਾਲਸਈ ਜਾਹੋ ਜਲਾਲ ਅਤੇ ਪ੍ਰੇਮ ਭਰਪੂਰ ਸ਼ਰਧਾ ਭਾਵਨਾ ਨਾਲ ਇਸ ਵਰੇ ਮਨਾ ਰਿਹਾ ਹੈ। ਪੰਥ ਦੇ ਨਿਮਾਣੇ ਸੇਵਕ ਹੋਣ ਦੇ ਨਾਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਹਾਨ ਸਖਸ਼ੀਅਤ ਰਾਹੀਂ ਆਰੰਭ ਹੋਇਆ ਅਖੰਡ ਕੀਰਤਨੀ ਜਥਾ ਇਹਨਾਂ ਸਮਾਗਮਾਂ ਵਿਚ ਹਰ ਪੱਧਰ ਤੇ ਆਪਣੀਆਂ ਸੇਵਾਵਾਂ ਜਥਾ ਸੰਭਵ ਸ਼ਕਤੀ ਅਨੁਸਾਰ ਹਮੇਸ਼ਾਂ ਦੀ ਤਰ੍ਹਾਂ ਪੰਥ ਪ੍ਰਤੀ ਸਮਰਪੱਤ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ ਗੱਦੀ ਨਸ਼ੀਨੀ ਪੁਰਬ ਦੇ ਨਾਲ-੨ ਹੀ ਇਸ ਵਰੇ ਸਰਬੰਸ਼ ਦਾਨੀ, ਬਾਦਸ਼ਾਹ ਦਰਵੇਸ਼ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ੩੦੦ ਸਾਲਾ ਜੋਤੀ ਜੋਤ ਪੁਰਬ ਵੀ ਸਮੁੱਚੇ ਜਗਤ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਦੇ ਇਸ ਪਾਵਨ ਪੁਰਬ ਮੌਕੇ ਕੁਝ ਸ਼ਰਾਰਤੀ ਅਤੇ ਪੰਥ ਵਿਰੋਧੀ ਅਨਸਰਾਂ ਵੱਲੋਂ ਦਸ਼ਮੇਸ਼ ਪਿਤਾ ਦੁਆਰਾ ਉਚਾਰਨ ਕੀਤੀਆਂ ਗਈਆਂ ਪਾਵਨ ਬਾਣੀਆਂ ਵਿਰੁੱਧ ਕੀਤਾ ਜਾ ਰਿਹਾ ਕੂੜ ਪ੍ਰਚਾਰ ਇਹਨਾਂ ਸ਼ਤਾਬਦੀ ਸਮਾਗਮਾਂ ਵਿਚ ਖੱਲਲ ਪਾਉਣ ਦਾ ਅਤਿ ਕੋਝਾ ਅਤੇ ਘਟੀਆਂ ਯਤਨ ਜਾਪਦਾ ਹੈ, ਜੋ ਕਿ ਅਤਿਅੰਤ ਦੁਖਦਾਈ ਅਤੇ ਹਿਰਦੇ ਵੇਧਕ ਵਰਤਾਰਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਰੱਚੀਆਂ ਗਈਆਂ ਪਾਵਨ ਬਾਣੀਆਂ ਜਿਥੇ ਕਿ ਨਿਤਨੇਮ ਅਤੇ ਅੰਮ੍ਰਿਤ ਦਾ ਸੋਮਾ ਹਨ, ਉਥੇ ਹੀ ਨਾਲ-੨ ਇਹ ਬਾਣੀਆਂ ਸਿੱਖ ਇਤਿਹਾਸ ਪ੍ਰੰਪਰਾਵਾਂ, ਅਮੀਰ ਖਾਲਸਾਈ ਰਵਾਇਤਾਂ ਅਤੇ ਸਿੱਖ ਇਕ ਵੱਖਰੀ ਕੌਮ ਦੇ ਸੰਕਲਪ ਨੂੰ ਦ੍ਰਿੜ ਕਰਵਾਉਣ ਵਾਲਾ ਸਾਦੀਵ ਕਾਲੀਨ ਅੰਮ੍ਰਿਤ ਸੋਮਾਂ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਲਿਖਤਾਂ ਦੇ ਨਾਲ-੨ ਹੀ ਅਖੰਡ ਕੀਰਤਨੀ ਜਥੇ ਦੀਆਂ ਮਹਾਨ ਸਖਸ਼ੀਅਤਾਂ ਗੁਰਪੁਰਵਾਸੀ ਭਾਈ ਆਤਮਾ ਸਿੰਘ (ਪੰਜੋਖਰਾ ਸਾਹਿਬ), ਗੁਰਪੁਰਵਾਸੀ ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਗੁਰਪੁਰਵਾਸੀ ਗਿਆਨੀ ਹਰਬੰਸ ਸਿੰਘ ਜੀ ਲੁਧਿਆਣਾ ਅਤੇ ਪਿਛਲੀ ਇਕ ਸਦੀ ਦੌਰਾਨ ਪੰਥ ਦੇ ਚਰਨਾਂ ਵਿਚ ਕੀਰਤਨ ਰਾਹੀਂ ਆਪਣੀਆਂ ਸੇਵਾਵਾਂ ਪੇਸ਼ ਕਰ ਗੁਰੂ ਚਰਨਾਂ ਵਿਚ ਜਾ ਬਿਰਾਜੇ ਜਥੇ ਦੇ ਅਨੇਕਾਂ ਸਿੰਘ, ਸਿੰਘਣੀਆਂ ਦੁਆਰਾ ਦਸ਼ਮ ਪਾਤਸ਼ਾਹ ਦੀਆਂ ਬਾਣੀਆਂ ਦਾ ਸਤਿਕਾਰ ਅਤੇ ਕੀਰਤਨ ਕੀਤਾ ਜਾਂਦਾ ਰਿਹਾ ਹੈ ਅਤੇ ਹੁਣ ਵੀ ਅਖੰਡ ਕੀਰਤਨੀ ਜਥੇ ਨਾਲ ਜੁੜੇ ਬੇਅੰਤ ਗੁਰੂ ਪਿਆਰੇ ਨਿੱਤ ਨੇਮ ਦੀਆਂ ਬਾਣੀਆਂ ਦੇ ਨਾਲ ਚੰਡੀ ਦੀ ਵਾਰ, ਬਚਿਤ੍ਰ ਨਾਟਕ, ਸ਼ਬਦ ਹਾਜ਼ਾਰੇ ਪਾਤਸ਼ਾਈ ਦਸਵੀਂ, ਅਕਾਲ ਉਸਤਤਿ, ਜ਼ਫਰਨਾਮਾ ਆਦਿ ਬਾਣੀਆਂ ਦਾ ਨਿਤਨੇਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੇਂ ਕਾਲ ਤੋਂ ਆਰੰਭ ਹੋਈ ਪਰੰਪਰਾ ਅਨੁਸਾਰ ਰੋਜ਼ਾਨਾ ਕਰਦੇ ਹਨ।

ਅਖੰਡ ਕੀਰਤਨੀ ਜਥਾ ਇਸ ਪ੍ਰੈਸ ਨੋਟ ਰਾਹੀਂ ਵਿਸ਼ਵ ਭਰ ਵਿਚ ਬੈਠੀਆਂ ਗੁਰੂ ਦੀਆਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ "ਆਉ ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬਾਣੀ ਦੇ ਨਾਲ-੨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਉਚਾਰਨ ਕੀਤੀ ਗਈ ਬਾਣੀ ਦਾ ਅਦਬ ਸਤਿਕਾਰ ਅਤੇ ਅਭਿਆਸ ਵੱਧ ਤੋਂ ਵੱਧ ਕਰਨ ਲਈ ਸਮੱਰਪਤ ਹੋਈਏ"।

ਗੁਰੂ ਪੰਥ ਦਾ ਦਾਸ
ਸੁਰਤ ਸਿੰਘ (ਪੂਰਨ ਜੀ)
ਮੁਖੀ ਅਖੰਡ ਕੀਰਤਨੀ ਜੱਥਾ